੧ ਓ ਸਤਿਗੁਰਪ੍ਰਸਾਦਿ ॥

ਖ਼ਾਲਸਾ

# ਨਿੱਤਨੇਮ ਸਟੀਕ

ਅਰਥਾਤ

ਜਪੁ, ਜਾਪੁ, ਰਹਿਰਾਸ, ਚੌਪਈ, ਵੱਡਾ ਅਨੰਦ ਸਾਹਿਬ ਤੇ
ਕੀਰਤਨ ਸੋਹਿਲਾ ਆਦਿਕ ਬਾਣੀਆਂ ਦਾ ਟੀਕਾ ।


— ਟੀਕਾਕਾਰ —

**ਪੰਥ-ਪ੍ਰਸਿੱਧ ਵਿਦ੍ਵਾਨ ਗ੍ਯਾਨੀ ਸ਼ੇਰ ਸਿੰਘ ਜੀ**

ਐਗਜ਼ੈਕਟਿਵ ਮੈਂਬਰ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ



—: ਪ੍ਰਕਾਸ਼ਕ :—

**ਭਾਈ ਪ੍ਰਤਾਪ ਸਿੰਘ ਪ੍ਰੀਤਮ ਸਿੰਘ**

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

[ਅੱਠਵੀਂ ਵਾਰ, ਸੰਨ ੧੯੪੦ ਈ:]

ਮੁੱਲ ੧॥)



LAHORE LIBRARY

507
24966

# ਪਾਠਕ ਜੀ !

ਪੰਥ ਦੇ ਸੁੱਚੇ ਰਤਨ ਸ੍ਰੀ ਮਾਨ ਗਿਆਨੀ ਸ਼ੇਰ ਸਿੰਘ ਜੀ ਦੇ ਨਾਮ ਤੋਂ ਹੀ ਤੁਸੀਂ ਇਸ ਟੀਕੇ ਦਾ ਅੰਦਾਜ਼ਾ ਲਾ ਲਵੋਗੇ ਕਿ ਕਿਸ ਉੱਚੇ ਤੇ ਲਾਸਾਨੀ ਦਿਮਾਗ਼ ਨੇ ਕਿਸ ਤਰ੍ਹਾਂ ਬਾਣੀ ਦੇ ਗੋਹਜ-ਭਾਵਾਂ, ਪਦਾਰਥਾਂ ਅਤੇ ਅਰਥਾਂ ਨੂੰ ਪਰਗਟ ਕੀਤਾ ਹੈ। ਦੂਜੇ ਲਫਜ਼ਾਂ ਵਿਚ ਜੇਕਰ ਇਸ ਟੀਕੇ ਨੂੰ ਗੁਰਮਤ ਫ਼ਿਲਾਸਫੀ ਦਾ ਖਜ਼ਾਨਾ ਕਿਹਾ ਜਾਵੇ, ਤਾਂ ਸ਼ਾਇਦ ਅਨੁਚਿਤ ਨਹੀਂ ਹੋਵੇਗਾ।

ਭਾਵੇਂ ਹੁਣ ਤੀਕ ਗੁਰਬਾਣੀ ਦੇ ਟੀਕੇ ਤਾਂ ਕਈ ਵਿਦਵਾਨਾਂ ਨੇ ਕੀਤੇ ਹਨ, ਪਰ ਬਾਣੀ ਦੇ ਉੱਚੇ ਸਿਧਾਂਤ ਇਕ ਸਾਧਾਰਨ ਢੰਗ ਨਾਲ ਵਰਨਨ ਕਰਨੇ ਉਕਤ ਗਿਆਨੀ ਜੀ ਦਾ ਹੀ ਕਰਤੱਵਜ ਹੈ। ਦਾਸ-ਪ੍ਰਕਾਸ਼ਕ

'ਕਸ਼ਮੀਰ ਪ੍ਰਿੰਟਿੰਗ ਪ੍ਰੈਸ' ਬਾਜ਼ਾਰ ਸੋਢੀਆਂ ਅਮ੍ਰਿਤਸਰ ਵਿਚ ਭਾਈ ਕਸ਼ਮੀਰਾ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪਿਆ।

ੴ ਸਤਿਗੁਰਪ੍ਰਸਾਦਿ ॥

# ਭੂਮਿਕਾ

— ਜ਼ਰੂਰ ਪੜ੍ਹੋ —

## ਬਾਣੀ ਪੜ੍ਹਨ ਦੇ ਲਾਭ

ਵਾਹਿਗੁਰੂ ਦੀ ਕ੍ਰਿਪਾਲਤਾ ਨਾਲ ਬਾਣੀ ਵਲ ਰੁਚੀ ਤਾਂ ਬਥੇਰੇ ਸੱਜਣਾਂ ਨੂੰ ਹੈ, ਪਰ ਇਸ ਦੇ ਪੜ੍ਹਨ ਦਾ ਢੰਗ ਤੇ ਲਾਭ ਦਾ ਪਤਾ ਸ਼ਾਇਦ ਹਰ ਇਕ ਨੂੰ ਨਾ ਹੋਵੇ। ਅਕਸਰ ਪੁਰਾਣੇ ਸਮੇਂ ਵਿਚ ਲੋਕਾਂ ਦਾ ਇਹ ਖਿਆਲ ਸੀ ਕਿ ਮੂੰਹੋਂ ਮੰਤ੍ਰ ਪੜ੍ਹਨ ਨਾਲ ਐਵੇਂ ਹੀ ਅਸਰ ਹੋ ਜਾਂਦਾ ਹੈ, ਜਿਹਾ ਕਿ ਕਥਾਵਾਂ ਆਉਂਦੀਆਂ ਹਨ ਕਿ ਅਰਜਨ ਨੇ ਅੱਗ ਦਾ ਮੰਤਰ ਪੜ੍ਹ ਕੇ ਤੀਰ ਚਲਾਇਆ ਤੇ ਅੱਗ ਲੱਗ ਪਈ, ਫੇਰ ਪਾਣੀ ਦਾ ਮੰਤਰ ਪੜ੍ਹਿਆ ਤੇ ਮੀਂਹ ਪੈਣ ਲੱਗ ਪਿਆ। ਹਿੰਦੂਆਂ ਦੀਆਂ ਪੁਰਾਣੀਆਂ ਤੋਂ ਪੁਰਾਣੀਆਂ ਤੇ ਨਵੀਆਂ ਤੋਂ ਨਵੀਆਂ ਵਿਆਹ-ਪਧਤੀਆਂ ਪੜ੍ਹ ਕੇ ਦੇਖੋ; ਕੱਪੜੇ, ਜੁੱਤੀ, ਛਤਰੀ ਆਦਿ ਪਹਿਨਣ ਦੇ ਵੱਖੋ ਵੱਖਰੇ ਮੰਤਰ। ਪਾਣੀ ਯਾ ਮਧੂਪਰਕ ਆਦਿ ਪੀਣ ਦੇ, ਵਿਆਹ ਸਮੇਂ ਕਦਮ ਪੁੱਟਣ ਦੇ, ਪੱਥਰ ਉੱਪਰ ਪੈਰ ਰੱਖਣ ਦੇ, ਧ੍ਰੂ ਆਦਿ ਤਾਰਿਆਂ ਨੂੰ ਦੇਖਣ ਦੇ ਅੱਡੋ ਅੱਡ

ਤੇ ਨਿਆਰੇ ੨ ਮੰਤ੍ਰ ਹਨ। ਹਿੰਦੂਆਂ ਦਾ ਖ਼ਿਆਲ ਕੁਝ ਅਜਿਹਾ ਜੰਮ ਗਿਆ ਸੀ ਕਿ ਬਿਨਾਂ ਮੰਤਰ ਪੜ੍ਹੇ ਕੋਈ ਸੰਸਾਰਕ ਯਾ ਧਾਰਮਕ ਕੰਮ ਹੁੰਦਾ ਹੀ ਨਹੀਂ। ਏਹੀ ਕਾਰਨ ਸੀ ਕਿ ਮੰਤਰਾਂ ਦੇ ਆਸਰੇ ਅਨੇਕ ਪ੍ਰਕਾਰ ਦੇ ਯੱਗਾਂ ਦੀਆਂ ਰਸਮਾਂ ਬਣੀਆਂ। ਇਥੋਂ ਤੱਕ ਕਿ ਅੱਗ ਮਚਾਉਣ ਲਈ ਖ਼ਾਸ ਖ਼ਾਸ ਮੰਤਰ ਬਣਾਏ ਗਏ। (ਦੇਖੋ ਸੰਸਕਾਰ ਵਿਧੀ ਸੁਆਮੀ ਦਯਾ ਨੰਦ ਸਫਾ ੨੪ ਯਾ ੨੫) ਆਖ਼ਰ ਇਸ ਮੰਤਰ-ਥਿਊਰੀ ਦਾ ਐਡਾ ਜ਼ੋਰ ਪਿਆ ਕਿ ਲੋਕ ਮੰਤਰਾਂ ਨੂੰ ਦੇਵਤਾ ਮੰਨਣ ਲੱਗ ਪਏ। ਕਈ ਕਹਾਣੀਆਂ ਆਉਂਦੀਆਂ ਹਨ ਕਿ ਗਾਯਤਰੀ ਫਲਾਣੇ ਨਾਲ ਗੁੱਸੇ ਹੋ ਗਈ, ਯਾ ਫਲਾਣਾ ਮੰਤਰ ਫਲਾਣੇ ਨਾਲ ਲੜ ਪਿਆ, ਫਲਾਣੇ ਵੇਦ ਮੰਤਰਾਂ ਨੇ ਰੂਪ ਧਾਰ ਕੇ ਅਮਕੇ ਅਵਤਾਰ ਦੀ ਵਡਿਆਈ ਕੀਤੀ, ਆਦਿ।

ਇਸ ਦਾ ਨਤੀਜਾ ਇਹ ਹੋਇਆ ਕਿ ਲੋਕਾਂ ਨੇ ਮੰਤਰਾਂ ਨੂੰ ਤੋਤੇ ਵਾਂਗ ਪੜ੍ਹ ਛੱਡਣਾ ਹੀ ਕਾਫੀ ਸਮਝ ਲਿਆ ਸਗੋਂ ਹਜ਼ਾਰਾਂ ਦੱਖਣੀ ਬ੍ਰਾਹਮਣ ਆਦਿ ਲੋਕੀ ਅਜੇਹੇ ਮਿਲਣਗੇ ਜੋ ਹਜ਼ਾਰਾਂ ਮੰਤਰਾਂ ਨੂੰ ਕੰਠ ਰਖਦੇ ਤੇ ਦਿਨ ਰਾਤ ਪੜ੍ਹਦੇ ਹੋਏ ਅਰਥ ਪ੍ਰਮਾਰਥ ਨਹੀਂ ਸਮਝ ਸਕੇ। ਇਸ ਦਾ ਨਤੀਜਾ ਇਹ ਹੋਇਆ ਕਿ ਮੰਤਰ ਸਿਰਫ ਸਮੇਂ ਅਨੁਸਾਰ ਲੋਕਾਂ ਦੇ ਪੜ੍ਹਨ ਵਾਸਤੇ ਰਹਿ ਗਏ, ਮਾਨੁੱਖ ਦੇ ਦਿਲ ਤੇ ਦਿਮਾਗ਼ ਦਾ ਇਨ੍ਹਾਂ ਨਾਲ ਕੋਈ ਤਅੱਲੁਕ ਨਾ ਰਿਹਾ। ਹੁਣ ਦਿਲ ਤੇ ਦਿਮਾਗ਼ ਛੁੱਟੜ ਘੋੜੇ ਵਾਂਗ ਬੇਵਸ ਹੋ ਕੇ ਕੁਰਾਹੀਂ ਦੌੜ ਪਿਆ, ਲੱਗਾ ਖ਼ੁਸ਼ਕ



ਫ਼ਿਲਾਸਫ਼ੀਆਂ ਦੀਆਂ ਘਾਟੀਆਂ ਟੱਪਣ। ਆਖ਼ਰ ਇਹ ਮਗ਼ਜ਼-ਚੱਟਵੀਂ ਫ਼ਿਲਾਸਫ਼ੀ ਹਿੰਦੁਸਤਾਨ ਦਾ ਬੇੜਾ ਡੋਬਣ ਲਈ ਮਗਰ-ਮੱਛ ਸਾਬਤ ਹੋਈ।

ਇਹ ਨਿਯਮ ਹੈ ਕਿ ਜਦ ਦਿਲ ਅਤੇ ਦਿਮਾਗ਼ ਕਿਸੇ ਕੰਮ ਦੇ ਪਾਸੇ ਨਾ ਲਾਇਆ ਜਾਵੇ ਤਾਂ ਨਿਕੰਮੇ ਟੋਏ ਪੁੱਟਣ ਲਗ ਜਾਂਦਾ ਹੈ। ਮੁਕਦੀ ਗਲ ਕਿਸੇ ਪਾਠ ਨੂੰ ਮੰਤਰ ਸਮਝਕੇ ਪੜ੍ਹ ਛੱਡਣਾ ਇਹ ਇਕ ਪੁਰਾਣੀ ਬੀਮਾਰੀ ਹੈ।

ਸਾਡੇ ਸਤਿਗੁਰੂਆਂ ਨੇ 'ਸੁਣਿਆ ਮੰਨਿਆ ਮਨਿ ਕੀਤਾ ਭਾਉ' ਅਰਥਾਤ-ਸੁਣੋ, ਸਮਝੋ, ਫੇਰ ਚੰਗੀ ਤਰ੍ਹਾਂ ਵਿਚਾਰ ਕੇ ਨਿਸਚੇ ਕਰੋ ਤੇ ਫਿਰ ਮਨ ਵਿਚ ਧਾਰਨ ਕਰੋ, ਤੇ ਉਸ ਪਰ ਅਮਲ ਕਰੋ; ਇਹ ਅਮੋਲਕ ਸਿੱਖਿਆ ਦੇ ਕੇ ਸਾਨੂੰ ਮੰਤਰ ਜਾਲ ਤੋਂ ਛੁਡਾਇਆ ਬਲਕਿ, ਨਗਾਰੇ ਦੀ ਚੋਟ ਨਾਲ ਆਖਿਆ ਕਿ-"ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ। ਬਚੇਗਾ ਨ ਕੋਈ ਕਰੇ ਕਾਲ ਚੋਟੰ॥" ਪਰ ਪੜੋਸੀਆਂ ਵਾਲੀ ਛੋਹ ਦੀ ਬੀਮਾਰੀ ਤੋਂ ਅਸੀਂ ਬਚ ਨਾ ਸਕੇ ਤੇ ਅਸੀਂ ਵੀ ਗੁਣਾਂ ਦੀ ਖਾਣ ਗੁਰਬਾਣੀ ਨੂੰ ਆਖ਼ਰ ਮੰਤਰ ਬਨਾਣ ਦਾ ਹੀ ਯਤਨ ਕੀਤਾ। ਕਈ ਪੋਥੀਆਂ ਲਿਖੀਆਂ ਮਿਲਦੀਆਂ ਹਨ ਕਿ ਜਿਨ੍ਹਾਂ ਵਿਚ ਲਿਖਿਆ ਹੁੰਦਾ ਹੈ ਕਿ ਫਲਾਣੀ ਪਉੜੀ ਫਲਾਣੇ ਪਾਸੇ ਮੂੰਹ ਕਰਕੇ ਪੜ੍ਹੀਏ ਤਾਂ ਇਸਤਰੀ ਆਵੇ, ਯਾ ਕਿਸੇ ਹੋਰ ਤਰ੍ਹਾਂ ਪੜ੍ਹੀਏ ਤਾਂ ਧਨ ਆਵੇ। ਅਕਸਰ ਸਿਖ ਐਸੇ ਮਿਲਣਗੇ ਜੇਹੜੇ ਆਖਣਗੇ ਕਿ ਮੈਂ ਫਲਾਣੀ ਬਾਣੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.